## ਪਾਠ-14

# ਕਰਤਾਰ ਸਿੰਘ ਸਰਾਭਾ (ਲੇਖਕ-ਸੰਤ ਸਿੰਘ ਸੇਖੋਂ)

## 1. ਪ੍ਰਸ਼ਨ/ਉੱਤਰ

ਕਰਤਾਰ ਸਿੰਘ ਸਰਾਭਾ



**ਪ੍ਰਸ਼ਨ ੳ. ਕਰਤਾਰ ਸਿੰਘ ਸਰਾਭੇ ਦੇ ਜਨਮ ਅਤੇ ਬਚਪਨ ਬਾਰੇ ਦੱਸੋ।**

ਉੱਤਰ : ਉਹਨਾਂ ਦਾ ਜਨਮ 1896 ਈ: ਵਿਚ ਸ: ਮੰਗਲ ਸਿੰਘ ਦੇ ਘਰ ਪਿੰਡ ਸਰਾਭਾ ਵਿਖੇ ਹੋਇਆ। ਛੋਟੀ ਉਮਰ ਵਿਚ ਪਿਤਾ ਦਾ ਦੇਹਾਂਤ ਹੋਣ ਕਰਕੇ ਉਹਨਾਂ ਦਾ ਪਾਲਣ-ਪੋਸ਼ਣ ਦਾਦੇ ਸ. ਬਦਨ ਸਿੰਘ ਨੇ ਕੀਤਾ।

**ਪ੍ਰਸ਼ਨ ਅ. ਕਰਤਾਰ ਸਿੰਘ ਸਰਾਭੇ ਨੇ ਕਿੱਥੋਂ-ਕਿੱਥੋਂ ਵਿੱਦਿਆ ਹਾਸਲ ਕੀਤੀ?**

ਉੱਤਰ : ਉਹਨਾਂ ਨੇ ਮੁੱਢਲੀ ਵਿੱਦਿਆ ਪਿੰਡ ਵਿਚ ਹੀ ਪ੍ਰਾਪਤ ਕੀਤੀ। ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਉਹਨਾਂ ਨੇ ਅੱਠਵੀਂ ਅਤੇ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਉਚੇਰੀ ਪੜ੍ਹਾਈ ਲਈ ਬਰਕਲੇ ਯੂਨੀਵਰਸਿਟੀ ਸਾਨਫ਼ਰਾਂਸਿਸਕੋ ਅਮਰੀਕਾ ਵਿਚ ਦਾਖ਼ਲਾ ਲਿਆ।

**ਪ੍ਰਸ਼ਨ ੲ. ਅਮਰੀਕਾ ਵਿਚ ਵਸਦੇ ਹਿੰਦੁਸਤਾਨੀਆਂ ਨੂੰ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ?**

ਉੱਤਰ : ਅਮਰੀਕਾ-ਕੈਨੇਡਾ ਦੀਆਂ ਸਰਕਾਰਾਂ ਇਹਨਾਂ ਨੂੰ ਆਪਣੇ ਨਾਗਰਿਕ ਨਹੀਂ ਬਣਾਉਣਾ ਚਾਹੁੰਦੀਆਂ ਸਨ, ਦੂਜੇ ਉੱਥੋਂ ਦੇ ਮਜ਼ਦੂਰ ਇਨ੍ਹਾਂ ਨੂੰ ਪਸੰਦ ਨਹੀਂ ਕਰਦੇ ਸਨ।

**ਪ੍ਰਸ਼ਨ ਸ. ਗਦਰ ਲਹਿਰ ਦੀ ਨੀਂਹ ਕਦੋਂ ਰੱਖੀ ਗਈ? ਕਰਤਾਰ ਸਿੰਘ ਸਰਾਭਾ ਦੀ ਜੀਵਨੀ ਦੇ ਅਧਾਰ 'ਤੇ ਦੱਸੋ ਕਿ ਇਸ ਦੇ ਪ੍ਰਚਾਰ ਲਈ ਕੀ-ਕੀ ਯਤਨ ਕੀਤੇ ਗਏ ?**

ਉੱਤਰ : ਗ਼ਦਰ ਲਹਿਰ ਦੀ ਨੀਂਹ 1912 ਵਿਚ ਰੱਖੀ ਗਈ। ਇਸ ਪਾਰਟੀ ਦੇ ਪ੍ਰਚਾਰ ਲਈ 'ਗ਼ਦਰ' ਨਾਂ ਦਾ ਇਕ ਹਫ਼ਤਾਵਾਰੀ ਅਖ਼ਬਾਰ ਕੱਢਿਆ ਗਿਆ। ਇਸ ਲਹਿਰ ਲਈ ਬਹੁਤ ਸਾਰੇ ਹਿੰਦੁਸਤਾਨੀਆਂ ਨੇ ਆਪਣੀਆਂ ਜਾਇਦਾਦਾਂ ਦਾਅ 'ਤੇ ਲਾ ਦਿੱਤੀਆਂ।



**ਪ੍ਰਸ਼ਨ ਹ. ਮੀਆਂ ਮੀਰ ਤੇ ਫ਼ਿਰੋਜ਼ਪੁਰ ਛਾਉਣੀਆਂ ਦੇ ਮੈਗਜ਼ੀਨਾਂ ਉੱਤੇ ਹਮਲੇ ਲਈ ਗ਼ਦਰ ਪਾਰਟੀ ਵਲੋਂ ਕਿਹੜੀ ਤਾਰੀਖ਼ ਮਿੱਥੀ ਗਈ ਅਤੇ ਇਹ ਤਾਰੀਖ਼ ਅੱਗੇ ਕਿਉਂ ਪਾ ਦਿੱਤੀ ਗਈ?**

ਉੱਤਰ : ਗ਼ਦਰ ਪਾਰਟੀ ਵਲੋਂ ਛਾਉਣੀਆਂ 'ਤੇ ਹਮਲੇ ਕਰਨ ਲਈ 21 ਫ਼ਰਵਰੀ, 1915 ਦੀ ਤਾਰੀਖ਼ ਮਿੱਥੀ ਗਈ, ਪ੍ਰੰਤੂ ਮਗਰੋਂ ਇਕ ਮੁਖ਼ਬਰ ਵਲੋਂ ਇਸ ਸੰਬੰਧੀ ਸਾਰੀ ਸੂਹ ਪੁਲਿਸ ਨੂੰ ਦੇਣ ਦਾ ਪਤਾ ਲੱਗਣ ਤੇ ਇਹ ਤਾਰੀਖ਼ ਬਦਲ ਦਿੱਤੀ ਗਈ।

**ਪ੍ਰਸ਼ਨ ਕ. ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਕਿਉਂ ਸੁਣਾਈ ਗਈ?**

ਉੱਤਰ : ਕਰਤਾਰ ਸਿੰਘ ਸਰਾਭਾ ਵਿਰੁੱਧ ਗ਼ਦਰ ਲਹਿਰ ਵਿਚ ਹਿੱਸਾ ਲੈਣ ਕਰਕੇ ਡਿਫੈਂਸ ਆਫ਼ ਇੰਡੀਆ ਐਕਟ ਅਧੀਨ ਮੁਕੱਦਮਾ ਚੱਲਿਆ ਤੇ ਉਸਨੂੰ ਹੋਰ ਗ਼ਦਰੀਆਂ ਨਾਲ ਫਾਂਸੀ ਦੀ ਸਜ਼ਾ ਸੁਣਾਈ ਗਈ।

**ਪ੍ਰਸ਼ਨ ਖ. ਕਰਤਾਰ ਸਿੰਘ ਸਰਾਭਾ ਨੇ ਫਾਂਸੀ ਦੀ ਸਜ਼ਾ ਸੁਣ ਕੇ ਜੱਜ ਨੂੰ ਕੀ ਕਿਹਾ?**

ਉੱਤਰ : ਕਰਤਾਰ ਸਿੰਘ ਸਰਾਭੇ ਨੇ ਫਾਂਸੀ ਦੀ ਸਜ਼ਾ ਸੁਣ ਕੇ ਜੱਜ ਦਾ ਧੰਨਵਾਦ ਕਰਦਿਆਂ ਕਿਹਾ,"ਮੈਂ ਫਿਰ ਪੈਦਾ ਹੋ ਕੇ ਹਿੰਦੁਸਤਾਨ ਦੀ ਅਜ਼ਾਦੀ ਲਈ ਲੜਾਂਗਾ।"

## 2. ਔਖੇ ਸ਼ਬਦਾਂ ਦੇ ਅਰਥ ਦੱਸੋ :

| | | |
|---|---|---|
| ਦਿਹਾਂਤ | : | ਮੌਤ, ਸੁਰਗਵਾਸ |
| ਪਾਲਣ-ਪੋਸ਼ਣ | : | ਪਰਵਰਸ਼, ਪਾਲਣਾ ਕਰਨੀ |
| ਵਿਦਰੋਹ | : | ਬਗ਼ਾਵਤ |
| ਪ੍ਰੇਰਨਾ | : | ਕਿਸੇ ਨੂੰ ਕੋਈ ਕੰਮ ਕਰਨ ਲਈ ਕਹਿਣਾ ਜਾਂ ਮਨਾਉਣਾ |
| ਉਤਾਵਲਾ | : | ਕਾਹਲ਼ਾ, ਫੁਰਤੀਲਾ, ਛੇਤੀ ਕਰਨ ਵਾਲ਼ਾ |
| ਹਕੂਮਤ | : | ਰਾਜ, ਸਲਤਨਤ, ਸ਼ਾਸਨ |
| ਮੁਖ਼ਬਰ | : | ਖ਼ਬਰ ਦੇਣ ਵਾਲ਼ਾ, ਸੂਹੀਆ, ਜਸੂਸ |
| ਸੂਹ | : | ਉੱਘ-ਸੁੱਘ, ਸੁਰਾਗ, ਖੋਜ |
| ਖੁਫ਼ੀਆ | : | ਗੁੱਝਾ, ਗੁਪਤ |
| ਭਗੌੜਾ | : | ਭੱਜਿਆ ਹੋਇਆ, ਡਰਾਕਲ਼, ਫ਼ਰਾਰ |
| ਸੰਪਰਕ | : | ਮੇਲ਼, ਸੰਪਰਕ, ਵਾਸਤਾ |

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## 3. ਹੇਠ ਲਿਖਿਆਂ ਨੂੰ ਵਾਕਾਂ ਵਿਚ ਵਰਤੋ:

1. ਮਜ਼ਦੂਰੀ (ਕਿਰਤ)- ਉਸ ਦਾ ਪਰਿਵਾਰ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਦਾ ਹੈ।
2. ਨਾਗਰਿਕ (ਕਿਸੇ ਦੇਸ਼ ਦਾ ਵਸਨੀਕ)- ਮੈਂ ਭਾਰਤੀ ਨਾਗਰਿਕ ਹਾਂ।
3. ਸ਼ਕਤੀ (ਤਾਕਤ)- ਵਿਗਿਆਨ ਨੇ ਮਨੁੱਖੀ ਸ਼ਕਤੀ ਦੀ ਵਰਤੋਂ ਘਟਾ ਦਿੱਤੀ ਹੈ।
4. ਵਿਦਰੋਹ (ਬਗਾਵਤ)- ਗ਼ਦਰ ਪਾਰਟੀ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਦੀ ਤਿਆਰੀ ਕੀਤੀ।
5. ਪਲਟਣ (ਇਕ ਫ਼ੌਜੀ ਟੁਕੜੀ)- ਪਲਟਣਾਂ ਬਾਰਡਰ 'ਤੇ ਹਮੇਸ਼ਾ ਜੰਗ ਲਈ ਤਿਆਰ ਰਹਿੰਦੀਆਂ ਹਨ।
6. ਅਜ਼ਾਦੀ (ਸੁਤੰਤਰਤਾ)- ਭਾਰਤ ਦੀ ਅਜ਼ਾਦੀ ਦੀ ਜੰਗ ਲੰਮੀ ਚੱਲੀ।

## 4. ਵਿਆਕਰਨ :

### ਹੇਠ ਲਿਖਿਆਂ ਦੇ ਵਚਨ ਬਦਲੋ:

| | | |
|---|---|---|
| ਸੜਕ | : | ਸੜਕਾਂ |
| ਦਾਦਾ | : | ਦਾਦੇ |
| ਚਾਚਾ | : | ਚਾਚੇ |
| ਪੜ੍ਹਾਈ | : | ਪੜ੍ਹਾਈਆਂ |
| ਭਾਰਤੀ | : | ਭਾਰਤੀਆਂ |
| ਸਰਕਾਰ | : | ਸਰਕਾਰਾਂ |
| ਨੌਜਵਾਨ | : | ਨੌਜਵਾਨ/ਨੌਜਵਾਨਾਂ |
| ਫ਼ੌਜੀ | : | ਫ਼ੌਜੀ/ਫ਼ੌਜੀਆਂ |
| ਸਿਪਾਹੀ | : | ਸਿਪਾਹੀ/ਸਿਪਾਹੀਆਂ |
| ਸਜ਼ਾ | : | ਸਜ਼ਾਵਾਂ |

### ਕਿਰਿਆ ਵਿਸ਼ੇਸ਼ਣ

**ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਆਦਿ ਦੱਸੇ, ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ।**

ਇਹ ਅੱਠ ਪ੍ਰਕਾਰ ਦੇ ਹੁੰਦੇ ਹਨ

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਣੇ-ਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

**ਪ੍ਰਸ਼ਨ : ਕਰਤਾਰ ਸਿੰਘ ਦੀਆਂ ਸਰਗਰਮੀਆਂ ਬਾਰੇ ਨੋਟ ਲਿਖੋ।**

ਉੱਤਰ : ਕਰਤਾਰ ਸਿੰਘ ਸਰਾਭਾ 1910 ਵਿਚ ਦਸਵੀਂ ਪਾਸ ਕਰਨ ਮਗਰੋਂ ਉਚੇਰੀ ਪੜ੍ਹਾਈ ਲਈ ਅਮਰੀਕਾ ਚਲਾ ਗਿਆ ਤੇ ਉੱਥੇ ਬਰਕਲੇ ਯੂਨੀਵਰਸਿਟੀ ਵਿਚ ਦਾਖ਼ਲ ਹੋ ਗਿਆ। ਫਿਰ ਉਹ ਪੜ੍ਹਾਈ ਛੱਡ ਕੇ ਭਾਰਤ ਦੀ ਅਜ਼ਾਦੀ ਦਾ ਸੰਘਰਸ਼ ਲੜਨ ਲਈ ਬਣੀ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਉਸਨੇ ਪਾਰਟੀ ਦੇ ਅਖ਼ਬਾਰ 'ਗਦਰ' ਦੀ ਪ੍ਰਕਾਸ਼ਨਾ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਭਾਰਤ ਨੂੰ ਅਜ਼ਾਦ ਕਰਾਉਣ ਲਈ ਦੇਸ਼ ਵਿਚ ਆ ਗਿਆ। ਉਸਨੇ ਫ਼ੌਜੀ ਛਾਉਣੀਆਂ ਵਿਚ ਕੰਮ ਕੀਤਾ। ਕੁੱਝ ਮੁਖ਼ਬਰਾਂ ਦੀ ਗਦਾਰੀ ਕਾਰਨ ਗ਼ਦਰ ਪਾਰਟੀ ਦਾ ਇਨਕਲਾਬੀ ਪ੍ਰੋਗਰਾਮ ਸਿਰੇ ਨਾ ਚੜ੍ਹ ਸਕਿਆ। ਸਰਾਭੇ ਸਮੇਤ ਬਹੁਤ ਸਾਰੇ ਗ਼ਦਰੀ ਫੜੇ ਗਏ। ਡਿਫੈਂਸ ਆਫ ਇੰਡੀਆ ਐਕਟ ਅਧੀਨ ਚੱਲੇ ਮੁਕੱਦਮੇ ਵਿਚ ਉਸਨੂੰ ਫਾਂਸੀ ਦੀ ਸਜ਼ਾ ਹੋਈ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**